# 1st Senior Officials’ India-France-Australia Trilateral Dialogue

September 09, 2020

## ਭਾਰਤ-ਫਰਾਂਸ-ਆਸਟਰੇਲੀਆ ਦੇ ਸੀਨੀਅਰ ਅਧਿਕਾਰੀਆਂ ਦੀ ਪਹਿਲੀ ਤਿਕੋਣੀ ਗੱਲਬਾਤ

9 ਸਤੰਬਰ, 2020

ਭਾਰਤ-ਫਰਾਂਸ-ਆਸਟਰੇਲੀਆ ਦੇ ਸੀਨੀਅਰ ਅਧਿਕਾਰੀਆਂ ਦੀ ਪਹਿਲੀ ਤਿਕੋਣੀ ਗੱਲਬਾਤ 9 ਸਤੰਬਰ, 2020 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਈ। ਇਸ ਬੈਠਕ ਦੀ ਸਹਿ-ਪ੍ਰਧਾਨਗੀ ਭਾਰਤ ਦੇ ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰਿੰਗਲਾ, ਯੂਰਪ ਅਤੇ ਵਿਦੇਸ਼ ਮਾਮਲਿਆਂ ਦੇ ਫਰਾਂਸੀਸੀ ਮੰਤਰਾਲੇ ਦੇ ਮੰਤਰੀ ਫਰੈਂਕੋ ਡੈਲੈਟਰੇ ਅਤੇ ਆਸਟਰੇਲੀਆਈ ਵਿਦੇਸ਼ੀ ਮਾਮਲੇ ਅਤੇ ਵਪਾਰ ਵਿਭਾਗ ਦੀ ਸੈਕਟਰੀ ਸ਼੍ਰੀਮਤੀ ਫ੍ਰਾਂਸਿਸ ਐਡਮਸਨ ਨੇ ਕੀਤੀ। ਇਹ ਗੱਲਬਾਤ ਭਾਰਤ-ਪ੍ਰਸ਼ਾਂਤ ਖੇਤਰ ਵਿੱਚ ਭਾਈਵਾਲੀ ਵਧਾਉਣ ਉੱਤੇ ਕੇਂਦਰਤ ਸੀ।

ਇਸ ਗੱਲਬਾਤ ਦੌਰਾਨ ਤਿੰਨਾਂ ਧਿਰਾਂ ਨੇ ਭਾਰਤ -ਪ੍ਰਸ਼ਾਂਤ ਖੇਤਰ ਅੰਦਰ ਆਰਥਿਕ ਅਤੇ ਭੂ-ਵਿਗਿਆਨ ਸੰਬੰਧੀ ਚੁਣੌਤੀਆਂ ਅਤੇ ਭਾਈਵਾਲੀ, ਖਾਸ ਕਰ COVID-19 ਮਹਾਂਮਾਰੀ ਅਤੇ COVID-19 ਦੇ ਘਰੇਲੂ ਪ੍ਰਤੀਕਰਮ ਦੇ ਸੰਦਰਭ ਵਿੱਚ, ਬਾਰੇ ਵਿਚਾਰ ਵਟਾਂਦਰਾ ਕੀਤਾ। ਮੇਰੀਨ ਗਲੋਬਲ ਕਾਮਨਜ਼ ਬਾਰੇ ਭਾਈਵਾਲੀ ਅਤੇ ਤਿਕੋਣੇ ਅਤੇ ਖੇਤਰੀ ਪੱਧਰ' ਤੇ ਵਿਵਹਾਰਕ ਭਾਈਵਾਲੀ ਲਈ ਸੰਭਾਵਤ ਖੇਤਰਾਂ ਬਾਰੇ ਵੀ ਵਿਚਾਰ ਵਟਾਂਦਰੇ ਹੋਏ, ਜਿਸ ਵਿੱਚ ਖੇਤਰੀ ਸੰਸਥਾਵਾਂ ਜਿਵੇਂ ASEAN, IORA ਅਤੇ ਹਿੰਦ ਮਹਾਂਸਾਗਰ ਕਮਿਸ਼ਨ ਰਾਹੀਂ ਭਾਈਵਾਲੀ ਵੀ ਸ਼ਾਮਲ ਹੈ. ਤਿੰਨਾਂ ਦੇਸ਼ਾਂ ਨੇ ਖੇਤਰੀ ਅਤੇ ਕੌਮਾਂਤਰੀ ਬਹੁਪੱਖੀ ਸੰਸਥਾਵਾਂ ਵਿੱਚ ਤਰਜੀਹਾਂ, ਚੁਣੌਤੀਆਂ ਅਤੇ ਰੁਝਾਨਾਂ ਦਾ ਵਿਚਾਰ ਵਟਾਂਦਰਾ ਕੀਤਾ, ਜਿਸ ਵਿੱਚ ਬਹੁਪੱਖਤਾਵਾਦ ਨੂੰ ਮਜ਼ਬੂਤ ਕਰਨ ਅਤੇ ਸੁਧਾਰਨ ਦੀਆਂ ਸਰਬੋਤਮ ਪ੍ਰਥਾਵਾਂ ਸ਼ਾਮਲ ਹਨ।

ਇਹ ਨਤੀਜਾ-ਮੁਖੀ ਬੈਠਕ ਤਿੰਨਾਂ ਦੇਸ਼ਾਂ ਦਰਮਿਆਨ ਮਜ਼ਬੂਤ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਸ਼ਾਂਤੀਪੂਰਨ, ਸੁਰੱਖਿਅਤ, ਖੁਸ਼ਹਾਲ ਅਤੇ ਨਿਯਮ-ਅਧਾਰਤ ਹਿੰਦ-ਪ੍ਰਸ਼ਾਂਤ ਖੇਤਰ ਨੂੰ ਯਕੀਨੀ ਬਣਾਉਣ ਲਈ ਆਪਣੀਆਂ ਸ਼ਕਤੀਆਂ ਦਾ ਤਾਲਮੇਲ ਕਰਨ ਦੇ ਉਦੇਸ਼ ਨਾਲ ਕਰਾਈ ਗਈ ਸੀ। ਤਿੰਨੋਂ ਧਿਰ ਇਹ ਗੱਲਬਾਤ ਸਾਲਾਨਾ ਅਧਾਰ 'ਤੇ ਕਰਨ ਉੱਤੇ ਸਹਿਮਤ ਹੋਏ।

ਨਵੀਂ ਦਿਲੀ
9 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.